# ਦਫਤਰ ਜਿਲਾ ਮੈਜਿਸਟਰੇਟ ਕਪੂਰਥਲਾ।

ਹੁਕਮ

ਨਿਮਨ ਹਸਤਾਖਰ ਦੇ ਧਿਆਨ ਵਿੱਚ ਆਇਆ ਹੈ ਕਿ ਘਰਾਂ ਵਿਚ ਪੂਰੇ ਤੌਰ ਜਾਂ ਅੰਸ਼ਿਕ ਤੌਰ ਤੇ ਕੰਮ ਕਰਦੇ ਨੌਕਰਾਂ ਦਾ ਸਥਾਈ ਪਤਾ/ਰਿਕਾਰਡ ਨਹੀਂ ਰੱਖਿਆ ਜਾਂਦਾ ਜਿਸ ਨਾਲ ਜੁਰਮ ਹੋਣ ਤੇ ਅਜਿਹੇ ਦੋਸ਼ੀਆਂ ਨੂੰ ਲੱਭਣਾ ਔਖਾ ਹੋ ਜਾਂਦਾ ਹੈ। ਜਿਸ ਨਾਲ ਅਮਨ ਤੇ ਕਾਨੂੰਨ ਭੰਗ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਜਿਸ ਨਾਲ ਕਿਸੇ ਸਮੇ ਵੀ ਕੋਈ ਅਣਸੁਖਾਵੀ ਘਟਨਾ ਵਾਪਰ ਸਕਦੀ ਹੈ।

ਇਸ ਲਈ ਮੈਂ ਮੁਹੰਮਦ ਤਇਅਬ, ਆਈ.ਏ.ਐਸ, ਜਿਲਾ ਮੈਜਿਸਟਰੇਟ, ਕਪੂਰਥਲਾ ਫੌਜਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਮਕਾਨ ਮਾਲਕਾਂ ਜ਼ਾਂ ਮਕਾਨਾਂ ਵਿੱਚ ਰਹਿੰਦੇ ਕਿਰਾਏਦਾਰਾਂ ਨੂੰ ਹੁਕਮ ਦਿੰਦਾ ਹਾਂ ਕਿ ਉਹ ਆਪਣੇ ਘਰਾਂ ਵਿਚ ਪੂਰਨ ਤੌਰ ਜਾਂ ਅੰਸ਼ਿਕ ਤੌਰ ਤੇ ਕੰਮ ਕਰਦੇ ਨੌਕਰਾਂ/ ਨੌਕਰਾਣੀਆਂ/ ਘਰੇਲੂ ਨੌਕਰਾਂ ਆਦਿ ਦੀ ਪੂਰੀ-ਪੂਰੀ ਜਾਣਕਾਰੀ ਲਈ ਆਧਾਰ ਕਾਰਡ,ਵੋਟਰ ਕਾਰਡ,ਡਰਾਈਵਿੰਗ ਲਾਈਸੈਂਸ ਜਾਂ ਕਿਸੇ ਸਰਕਾਰੀ/ ਅਰਧ ਸਰਕਾਰੀ ਸੰਸਥਾ/ ਸਰਕਾਰ ਵੱਲੋਂ ਮਨਜ਼ੂਰ ਸੁਦਾ ਅਧਾਰੇ ਵੱਲੋਂ ਜਾਰੀ ਪਛਾਣ ਪੱਤਰ ਜਿਸ ਵਿਚ ਉਸ ਵਿਅਕਤੀ ਦਾ ਨਾਮ,ਪੱਕਾ ਪਤਾ, ਫੋਟੋ ਆਦਿ ਹੋਵੇ, ਲੈ ਕੇ ਉਸਦੀ ਆਪਣੇ ਨਜਦੀਕੀ ਪੁਲਿਸ ਥਾਣੇ/ ਚੌਕੀ ਵਿੱਚ ਦਰਜ ਕਰਾਉਣ ਅਤੇ ਉਨ੍ਹਾਂ ਦੀ ਪੁਲਿਸ ਵੈਰੀਫਿਕੇਸ਼ਨ ਕਰਵਾਉਣੀ ਯਕੀਨੀ ਬਣਾਈ ਜਾਵੇ।

ਇਹ ਹੁਕਮ ਮਿਤੀ 21-03-2018 ਤੋ 19-05-2018 ਤੱਕ ਲਾਗੂ ਰਹੇਗਾ।

ਇਹ ਹੁਕਮ ਮਾਮਲੇ ਦੀ ਤੱਤਪਰਤਾ ਨੂੰ ਧਿਆਨ ਵਿਚ ਰੱਖਦੇ ਹੋਏ ਇੱਕਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਨੂੰ ਸੰਬੋਧਿਤ ਕੀਤਾ ਜਾਂਦਾ ਹੈ। ਇਸ ਹੁਕਮ ਦਾ ਪ੍ਰਚਾਰ ਜਿਲਾ ਲੋਕ ਸੰਪਰਕ ਅਫਸਰ, ਕਪੂਰਥਲਾ ਵੱਲੋ ਪ੍ਰਿੰਟ/ਇਲੈਕਟ੍ਰੋਨਿਕ ਮੀਡੀਆ ਰਾਹੀ ਅਤੇ ਰੇਲਵੇ ਸਟੇਸ਼ਨ,ਬੱਸ ਅੱਡਾ,ਉਪ ਮੰਡਲ ਮੈਜਿਸਟਰੇਟਰਜ਼, ਤਹਿਸੀਲਦਾਰਜ਼,ਨਗਰ ਕੌਸਲਾਂ ਅਤੇ ਸਦਰ ਮੁਕਾਮਾਂ ਦੇ ਨੋਟਿਸ ਬੋਰਡਾਂ ਤੇ ਇਸ ਹੁਕਮ ਦੀਆਂ ਨਕਲਾਂ ਚਿਸਪਾ ਕੇ ਲਾਗੂ ਕੀਤਾ ਜਾਵੇਗਾ।

ਇਹ ਹੁਕਮ ਮਿਤੀ 20-03-2018 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।

ਜਿਲਾ ਮੈਜਿਸਟਰੇਟ ਕਪੂਰਥਲਾ

-sd/-
ਜਿਲਾ ਮੈਜਿਸਟਰੇਟ,
ਕਪੂਰਥਲਾ।

ਪਿੱਠ ਅੰਕਣ ਨੰਬਰ 1018-1071 /ਐਮ.ਏ. ਮਿਤੀ 20-03-18
ਇਸ ਦਾ ਉਤਾਰਾ:-

1. ਮੁੱਖ ਸਕੱਤਰ,ਪੰਜਾਬ ਸਰਕਾਰ,ਚੰਡੀਗੜ੍ਹ।
2. ਗ੍ਰਿਹ ਸਕੱਤਰ,ਪੰਜਾਬ ਸਰਕਾਰ,ਚੰਡੀਗੜ੍ਹ।
3. ਕਮਿਸ਼ਨਰ,ਜਲੰਧਰ ਮੰਡਲ,ਜਲੰਧਰ।
4. ਸਮੂਹ ਜਿਲਾ ਮੈਜਿਸਟਰੇਟ,ਪੰਜਾਬ ਰਾਜ।
5. ਸੀਨੀਅਰ ਪੁਲਿਸ ਕਪਤਾਨ ਕਪੂਰਥਲਾ।
6. ਵਧੀਕ ਡਿਪਟੀ ਕਮਿਸ਼ਨਰ (ਜ) ਫਗਵਾੜਾ/ਵਧੀਕ ਡਿਪਟੀ ਕਮਿਸ਼ਨਰ (ਵਿ) ਕਪੂਰਥਲਾ।
7. ਉਪ ਮੰਡਲ ਮੈਜਿਸਟਰੇਟ ਕਪੂਰਥਲਾ/ਫਗਵਾੜਾ/ਸੁਲਤਾਨਪੁਰ ਲੋਧੀ/ਭੁਲੱਥ।
8. ਜਿਲਾ ਲੋਕ ਸੰਪਰਕ ਅਫਸਰ,ਕਪੂਰਥਲਾ।
9. ਬੀ.ਡੀ.ਪੀ.ਓ ਕਪੂਰਥਲਾ/ਫਗਵਾੜਾ/ਸੁਲਤਾਨਪੁਰ ਲੋਧੀ/ਨਡਾਲਾ/ਢਿਲਵਾਂ।
10. ਤਹਿਸੀਲਦਾਰ ਕਪੂਰਥਲਾ/ਫਗਵਾੜਾ/ਸੁਲਤਾਨਪੁਰ ਲੋਧੀ/ਭੁਲੱਥ।
    ਨਾਇਬ ਤਹਿਸੀਲਦਾਰ ਢਿਲਵਾਂ/ਤਲਵੰਡੀ ਚੋਧਰੀਆ।
11. ਈ.ਓ.ਐਮ.ਸੀ., ਕਪੂਰਥਲਾ/ਫਗਵਾੜਾ/ਸੁਲਤਾਨਪੁਰ ਲੋਧੀ/ਨਗਰ ਪੰਚਾਇਤ ਭੁਲੱਥ/ ਢਿਲਵਾਂ।
12. ਨਾਇਬ ਤਹਿਸੀਲਦਾਰ ਢਿੱਲਵਾਂ/ਤਲਵੰਡੀ ਚੋਧਰੀਆਂ।
13. ਪੀ.ਏ.ਟੂ ਡੀ.ਐਮ./ ਸਟੈਨੋ ਟੂ ਏ.ਡੀ.ਐਮ/ ਏ.ਸੀ.(ਜ)/ ਡੀ.ਆਰ.ਓ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜਿਲਾ ਮੈਜਿਸਟਰੇਟ,
ਕਪੂਰਥਲਾ।